भारत सरकार
GOVERNMENT OF INDIA
राष्ट्रीय पुस्तकालय, कलकत्ता
NATIONAL LIBRARY, CALCUTTA

P

वर्ग संख्या
Class No. 891·421

पुस्तक संख्या
Book No. Su 7734

रा० पु०/N. L. 38.

MGIP (P. U.), Sant.—S15—6LNL/93—6-9-93—50,000.

रा० पु०-44
N. L.-44

भारत सरकार
GOVERNMENT OF INDIA
राष्ट्रीय पुस्तकालय
NATIONAL LIBRARY
कलकत्ता
CALCUTTA

अंतिम अंकित दिनांक वाले दिन यह पुस्तक पुस्तकालय से ली गई थी। दो सप्ताह से अधिक समय तक पुस्तक रखने पर प्रतिदिन 6 पैसे की दर से विलम्ब शुल्क लिया जायगा।

This book was taken from the Library on the date last stamped. A late fee of 6 P. will be charged for each day the book is kept beyond two weeks.

GMGIP (Pub. Unit), Sant·—S20—11 CRL/85—7-3-86—20.000.

੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

[illegible]

[illegible]

ਕਲਗੀ ਦੀ ਚਮਕ

ਅਰਥਾਤ

Kalgi di Chamak, by

ਦਸਮ ਗੁਰੂ ਆਗਮ

Sundar Singh

891.5425
Su 7734

ਕਰਤਾ ਤੇ ਪ੍ਰਕਾਸ਼ਕ

ਭਾਈ ਸੁੰਦਰ ਸਿੰਘ ਜੀ ਬੁਧੀ

[illegible]

ਗੁਰਪੁਰਬਾਂ ਤੇ ਦੀਵਾਨਾਂ ਲਈ ਲਾਭਦਾਇਕ

ਤੇ ਵਡ ਸਾਖੀਆਂ ਨਾਲ ਗਾਉਣ ਦਾ

ਕਵੀਸ਼ਰੀ ਗੀਤ

ਪੰਜਾਬ ਖਾਲਸਾ ਪ੍ਰੈਸ [illegible]

[illegible] ਵਿਚ ਛਪਿਆ ॥

[illegible]

P
891.421
Su 7734

੧ ੳ ਸਤਿ ਗੁਰ ਪ੍ਰਸਾਦਿ

ਕਲਗੀਧਰ ਪ੍ਰਕਾਸ਼

ਪਉੜੀ ॥ ਇਕ ਸਚੇ ਕਰਤਾਰ ਨੇ ਹੈ ਖੇਲ
ਬਣਾਇਆ। ਧਰਤੀ ਪਾਣੀ ਪਉਣ ਨੂੰ ਹੈ ਮੇਲ
ਮਿਲਾਇਆ। ਦੀਵੇ ਸੂਰਜ ਚੰਦ ਅਤੇ ਵਿਚ ਨਾਮ
ਸਜਾਇਆ। ਲਖ ਚੁਰਾਸੀ ਜੂਨ ਰਚਿ ਹੈ ਜੀ
ਉਪਾਇਆ। ਭੇਦ ਨ ਕੋਈ ਲਖ ਸਕੇ ਕਰਤੇ ਦ
ਮਾਇਆ ਆਪ ਨਿਆਰਾ ਸਭਸ ਤੋਂ ਸਭ ਵੀ
ਸਮਾਇਆ ॥ ੧ ॥

ਪਉੜੀ ॥ ਖੇਲ ਅਜਬ ਕਰਤਾਰ ਦਾ
ਸਭ ਸੰਸਾਰਾ। ਸਭਨਾਂ ਜੂਨਾਂ ਉਪਰੇ ਮਾਨੁਖ ਸਿ
ਦਾਰਾ। ਮਾਇਆ ਦਾ ਮਧ ਪਾਇ ਕੇ ਨਰ ਹੋ
ਖੁਆਰਾ। ਕਰਨਹਾਰ ਨੂ ਭੁਲਕੇ ਕਰ ਰਹੇ ਵਿਕਾਰਾ
ਇਕ ਦੂਏ ਨੂ ਕਰ ਰਹੇ ਸਭ ਮਾਰੋ ਮਾਰਾ। ਸ
ਰਸਤੇ ਛਡ ਕੇ ਫੜਿਆ ਅੰਧਿਆਰਾ ॥ ੨ ॥

ਪਉੜੀ ॥ ਮਾਨੁਖ ਹੋਏ ਲਾਲਚੀ ਰਾ
ਅਨਿਆਈਂ। ਡਰ ਨ ਕੋਈ ਮੰਨਦਾ ਕਰ ਸਭਨ

3465
10.9.1964.

ਕਰੀ। ਧਰਮ ਛਿਪ ਗਿਆ ਜਗਤ ਤੋਂ [illegible]
ਜਿਤਾਈ। ਪਾਪ ਵਰਤਿਆ ਘਰੋ ਘਰ ਸਭ ਦੇ ਮਨ
ਮਾਹੀਂ। ਝਗੜੇ ਰਗੜੇ ਏਤਨੇ ਕੋਈ ਗਿਣਤੀ ਨਾਹੀਂ।
ਐਸਾ ਰੌਲਾ ਮਚ ਰਿਹਾ ਭੁਲ ਬੈਠੇ ਸਾਂਈ ॥ ੩ ॥

ਪਉੜੀ ॥ ਘੋਟ ਵਧ ਗਿਆ ਦੁਨੀ ਵਿਚ
ਬਹੁ ਬੇਈਮਾਨੀ। ਰਾਜੇ ਅੰਧੇ ਹੋ ਗਏ ਭਾਰੇ ਅਭਿ
ਮਾਨੀ। ਹਜੱਤ ਬਾਗ ਉਖੇੜਦੇ ਕੰਮਕਰਨ ਸੈਤਾਨੀ।
ਜਗਾ ਜਗਾ ਤੇ ਕਰ ਰਹੇ ਬਦਮਾਸ਼ ਵੈਰਾਨੀ। ਚਲੇ
ਕਟਾਰੀ ਕਹਿਰ ਦੀ ਅੰਧੇਰ ਤੂਫਾਨੀ। ਕੌਣ ਮਿਟਾਵੇ
ਦੁਖੜੇ ਬਾਝੋਂ ਬਲਵਾਨੀ ॥ ੪ ।

ਪਉੜੀ ॥ ਐਸੇ ਧੁੰਧ ਕਲੇਸ਼ ਵਿਚ ਕਰਤਾਰ
ਪਿਆਰੇ। ਰੱਛਾ ਖਾਤਰ ਜੀਆਂ ਦੀ ਦਸ ਜਾਮੇ
ਧਾਰੇ। ਆਦਿ ਗੁਰੂ ਨਾਨਕ ਭਏ ਸਤਿਨਾਮ ਉਚਾਰੇ।
ਇਕ ਅਕਾਲ ਜਪਾਇ ਕੇ ਕੀਤੇ ਛੁਟਕਾਰੇ। ਦੂਜੇ
ਅੰਗਦ ਗੁਰੂ ਜੀ ਫਿਰ ਓਹੀ ਕਾਰੇ। ਅੱਖਰ ਸੋਹਣੇ
ਗੁਰਮੁਖੀ ਰਚ ਆਪ ਸਵਾਰੇ ॥ ੫ ॥

ਪਉੜੀ ॥ ਅਮਰ ਦਾਸ ਗੁਰ ਤੀਸਰੇ ਹੋਏ
ਉਤਾਰੀ। ਜਾਤ ਪਾਤ ਦਾ ਭੇਦ ਤਜ ਇਕ ਪੰਗਤ
ਧਾਰੀ। ਚੌਥੇ ਸਤਿਗੁਰ ਰਾਮ ਦਾਸ ਰਚ ਤੀਰਥ
ਭਾਰੀ। ਦੁਖੀ ਤਰਾਵੇ ਆਪ ਹਰ ਜੋ ਨ੍ਹਾਵੇ ਭਾਰੀ।

ਅਰਜਨ ਸਤਿਗੁਰ ਪੰਚਮੇ ਭਾਰੇ ਉਪਕਾਰੀ। ਬੀੜ ਬੰਨ੍ਹ ਗੁਰ ਗ੍ਰੰਥ ਦੀ ਸਭ ਸ੍ਰਿਸਟ ਸੁਧਾਰੀ ॥ ੬ ॥

ਪਉੜੀ ॥ ਛੇਵੇਂ ਸਤਿਗੁਰ ਹਰਿ ਗੋਬਿੰਦ ਜੋਧੇ ਬਲਕਾਰੀ। ਸੋਧੇ ਜ਼ਾਲਮ ਜੰਗ ਕਰ ਫੜ ਕੇ ਤਲਵਾਰੀ। ਹਰੀ ਰਾਇ ਜੀ ਸੱਤਵੇਂ ਹੋਏ ਦਾਤਾਰੀ। ਰਾਜ ਸਿਖਾਂ ਨੂ ਬਖਸ਼ਿਆ ਜੋ ਸੇਵਾ ਧਾਰੀ। ਅਠਵੇਂ ਸਤਿਗੁਰ ਹਰਿ ਕ੍ਰਿਸ਼ਨ ਜਾਈਏ ਬਲਿਹਾਰੀ। ਤੇਗ ਬਹਾਦਰ ਧਰਮ ਤੋਂ ਜਿੰਦ ਆਪਣੀ ਵਾਰੀ ॥ ੭ ॥

ਪਉੜੀ ॥ ਨਵਾਂ ਸਤਿਗੁਰਾਂ ਜਗਤ ਵਿਚ ਕੰਮ ਭਾਰੇ ਕੀਤੇ। ਸਚਾ ਰਸਤਾ ਦਸਿਆ ਜੋ ਹੋਏ ਅਨੀਤੇ। ਸਚ ਸਬਦ ਉਪਦੇਸ਼ ਦੇ ਸਭ ਪਾਮਰ ਜੀਤੇ। ਬੀਜ ਬੀਜਿਆ ਨਾਮ ਦਾ ਦਸ ਪ੍ਰੇਮ ਪਰੀਤੇ॥ ਜ਼ੁਲਮ ਕਮੌਣੋਂ ਨਾ ਹਟੇ ਜੋ ਥੇ ਪ੍ਰਤੀਤੇ। ਸਭ ਨਰ ਕਾਇਰ ਹੋ ਗਏ ਦੁਖ ਸਿਰ ਤੇ ਬੀਤੇ ॥ ੮ ॥

ਪਉੜੀ ॥ ਸੂਰ ਬੀਰਤਾ ਛਿਪ ਗਈ ਉਡ ਗਈ ਦਲੇਰੀ। ਮੁਰਦੇ ਹੋਏ ਜੀਵੰਦੇ ਕੂੜੇ ਦੀ ਢੇਰੀ॥ ਬਾਦਸ਼ਾਹ ਦੇ ਜ਼ੁਲਮ ਦੀ ਵਗ ਰਹੀ ਅੰਧੇਰੀ। ਦੀਨ ਕਰੇਂਦੇ ਸੁੰਨਤੀ ਕਰ ਜੋਰੀ ਜੋਰੀ। ਕਿਸੇ ਨ ਅਗੇ ਜ਼ੁਲਮ ਦੇ ਫੜ ਤੇਗ ਉਲੇਰੀ। ਗਰਕ ਹੋਵੰਦੀ ਜਾਂਵਦੀ ਹਿੰਦੂਆਂਦੀ ਬੇੜੀ ॥ ੯ ॥

ਪਉੜੀ ॥ ਦੁਖ ਵਿਚਾਰੇ ਹਿੰਦੂਆਂ ਨੇ ਸਿਰ ਧਰ ਫਟੇ ॥ ਜਬਰਨ ਦੀਨਿ ਮਨਾਵਦੇ ਸਿਰ ਪਾਕੇਫਾਹੇ ਜੰਞ ਤੋੜਕੇ ਗਲੇਤੋਂ ਤਿਲਕਾਂਹੂੰ ਚਟੇ । ਅਗੋਂ ਕਿਸੇ ਨ ਜ਼ੁਲਮਦੇ ਦੰਦ ਕੀੜੇ ਖਟੇ । ਪਥਰ ਸੇਈਂ ਹੋਗਏ ਜੋ ਪੂਜਨ ਵਟੇ । ਬਲਹੀਣਾ ਹੋ ਕਿਸਤ੍ਰਾਂ ਏਹ ਜ਼ਾਲਮ ਹਟੇ ॥੧੦॥

ਪਉੜੀ । ਦੁਖੀ ਹੋਏ ਬਹੁ ਲੋਕ ਸਭ ਬਿੰਨ ਆਈਓ ਮਰਦੇ । ਧੱਕੇ ਧਰਮ ਬੇਧਰਮ ਦੇ ਵਿਚ ਰਹੇ ਨਾ ਘਰਦੇ । ਦੁਖੀਏ ਉਚੀ ਰੋਂਦਕੇ ਰਾਮ ਆਂਹੀ ਭਰਦੇ ॥ ਕੌਣ ਛੁਡਾਵੇ ਬਧਿਆਂ ਬਲ ਹੀਣੇ ਬਰਦੇ । ਧਾਣਾ ਭੁਜਣਭਠ ਜਿਓ ਵਸ ਕਿਸੇਨਾ ਠਰਦੇ ॥ ਬਿਨਾ ਮਲਾਹੋ ਸੰਦੂਸਿਧ ਨਹੀ ਬੇੜੇ ਤਰਦੇ ॥੧੧॥

ਪਉੜੀ ॥ ਭੁਲਿਆਂ ਹੋਇਆਂ ਰਬ ਤੋਂ ਦਿਲ ਹੋਣ ਹਵਾਲੇ । ਸਾਈਂ ਜਿਸ ਦਿਨ ਵਿਸਰੇ ਮੂੰਹ ਹੋਵਨ ਕਾਲੇ ॥ ਬੇਮੁਖ ਹੋਏ ਮਾਲਕੋਂ ਨਹੀ ਵਸਦੇ ਸੁਖਾਲੇ । ਪਰ ਪੈਦਾਇਸ਼ ਜਿਸਦੀ ਸੋਢੀ [illegible] ਵਾਲੇ॥ ਦੀਨਾਂਦੇ ਦੁਖ ਮੇਟਣੇ ਇਹ ਬਾਪੂ ਅਕਾਲੇ । ਪ੍ਰਗਟ ਹਹਿਕੇ ਭੇਜਿਆ ਗੁਰ ਕਲਗੀ ਵਾਲੇ ॥੧੨॥

ਪਉੜੀ॥ ਦਸਵਾਂ ਜਾਮਾਂ ਆਇਆ ਗੋਬਿੰਦ ਸਿੰਘ ਸੂਰਾ ॥ ਭੇਜਿਆ ਆਪ ਅਕਾਲ ਨੇ ਪਿਖ

ਪੂਰੇ ਪੂਰਾ ॥ ਪ੍ਰਿਤਪਾਲਕੇ ਖਾਲਸਾ ਮੁਖ ਪਾਕੇ ਨੂਰਾ ॥ ਸ਼ਾਨਾਮ ਮੁਲਮਕਮਾਵੰਦੇ ਵਡਕਰਮੀ ਪੂਰਾ ॥ ਸੁਹਿਆ ਸਾਰੇ ਜਗਤ ਵਿਚ ਨੇੜੇ ਤੇ ਦੂਰਾ ॥ ਪਟਣੇ ਪ੍ਰਗਟ ਹੋਇਆ ਲੈ ਹੁਕਮ ਹਜ਼ੂਰਾ ॥ ੧੩ ॥

ਪਉੜੀ ॥ ਤੇਗਬਹਾਦਰ ਗੁਰੂ ਘਰਿ ਲੀਨਾ ਅਵਤਾਰਾ ॥ ਆਇਆ ਦਸਵਾਂ ਪਾਤਸ਼ਾਹ ਸਿਖਾਂ ਦਾ ਪਿਆਰਾ । ਤੇਈ ਸੰਮਤਿ ਬੀਤਦਾ ਸੀ ਸਉ ਸਤਾਰਾ । ਪੋਖ ਮਹੀਨਾ ਸਪਤਮੀ ਸੀ ਆਇਤ ਵਾਰਾ । ਪਟਣੇ ਸਾਹਿਬ ਪ੍ਰਗਟੀ ਅੰਮ੍ਰਿਤ ਦੀ ਧਾਰਾ ਸੂਰਜਜਗਤ ਚੜ੍ਹਿਆ ਮਿਟਿਆ ਅੰਧਿਆਰਾ ॥੧੪

ਪਉੜੀ ॥ ਕਲਗੀ ਵਾਲਾ ਸਤਿਗੁਰੂ ਜਾ ਪ੍ਰਗਟ ਹੋਇਆ । ਚਾਨਣ ਹੋਇਆ ਜਗਤ ਵਿਚ ਰੰਗ ਰੂਪ ਸਰੋਆ । ਜੀਉਂਦੇ ਕੀਤਾ ਮੁਰਦਿਆਂ ਅੰਮ੍ਰਿਤ ਰਸ ਚੋਆ । ਸੂਰੇ ਕੀਤੇ ਦਿਲਾਂ ਦੇ ਗੁਰ ਰੂਪ ਨਰੋਆ । ਪੰਥ ਚਲੇਗਾ ਖਾਲਸਾ ਜਗ ਚੰਡ ਖਲੋਆ । ਮੂਲ ਮਿਟਾਦੇ ਜ਼ਾਲਮਾਂ ਬੰਨ ਦੇਊ ਧਰੋਆ ॥ ੧੫॥

ਪਉੜੀ॥ਮਾਤਾ ਮਨਆਨੰਦਹੋ ਬਹੁਖੁਸ਼ੀ ਮਨਾਈ॥ ਦੌਲਤ ਵੰਡੀ ਮਾਤ ਜੀ ਬੇਅੰਤ ਵਧਾਈ । ਧਨੀ ਹੋ ਗਏ ਮੰਗਤੇ ਹਥ ਤਰੀ ਨ ਕਾਈ । ਦਰਸ਼ਨ ਕਰਨੇ ਹੇਤ ਸਿਖ ਬਹੁ ਸੰਗਤ ਆਈ । ਗੁਰਪ੍ਰਤਾਪੀ ਸੂਰਮਾ

ਸਭ ਕਰੇ ਭੁਲਾਈ। ਐਣ ਜਾਹਿ ਸਕੇ ਜੀਭ ਤੋਂ ਗੁਰ ਦੀ ਵਡਿਆਈ॥ ੧੬ ॥

ਚੌਕੜੀ ਕਬਿਤ॥ ਜ਼ਾਲਮਾਂ ਦਾ ਰਾਜ ਤੇ ਬੇਅਦਲੀ ਕੁਕਾਜ ਭਾਰੇ ਹਿੰਦੂਆਂ ਦੀ ਕੌਮ ਦਾ ਲਿਹਾਜ਼ ਕੋਈ ਕਰੇਨਾ। ਕਲਮਾਂ ਨਿਮਾਜ਼ ਤੇ ਕੁਰਾਨ ਦਾ ਰਿਵਾਜ਼ ਸਾਹੇ ਕਤੂਲ ਦੀ ਅਵਾਜ਼ ਅਗੇ ਧੀਰ ਕੋਈ ਧਰੇ ਨਾ। ਪਾਪ ਦਾ ਉਭਾਰ ਤੇਜ ਛਿਥ ਗਏ ਸਮਾਜ ਵਾਲੇ ਹਿੰਦ ਦਾ ਜਹਾਜ਼ ਏਵੀ ਏਂਵੇ ਤੋਂ ਤਰੇ ਨਾ। ਆਜ ਜਿੰਦ ਧਰਮ ਬਿੰਦ ਕੌਮ ਹਿੰਦ ਦਿਸਦੀ ਨਾ ਗੋਬਿੰਦ ਮ੍ਰਿਗਿੰਦ ਅਵਤਾਰ ਜੇ ਤੌਂ ਧਰੇ ਨਾ॥ ੧੭॥

ਕਬਿਤ॥ ਹਿੰਦੂਓਂ ਕੀ ਬੇਟੀ ਜੋ ਲਪੇਟੀ ਅਤੀ ਰੂਪ ਸੇਤੀ ਭੇਟੀ ਲੇਤ ਤੁਰਕ ਕੋਊ ਕਿਸੀ ਤੇ ਭੀ ਡਰੇ ਨਾ। ਤੁਰਕ ਬਧਿਆੜ ਹਿੰਦ ਭੇਡਨ ਕੋ ਪਾੜਤੇ ਥੇ ਆਂਖ ਕੋ ਉਘਾੜ ਕੋਈ ਸਾਸ ਭੀ ਤੋ ਭਰੇ ਨਾ। ਦੀਨ ਕੋ ਮਨਾਇ ਕੇ ਤੇ ਦੀਨ ਮੇਂ ਲਿਆਵਤੇ ਥੇ ਛੀਨਤੇ ਪਦਾਰਥੋਂ ਕੋ ਕਿਸੀ ਤੇ [illegible] ਟਰੇ ਨਾ। ਆਜ ਜਿੰਦ ਧਰਮ ਬਿੰਦ ਕੌਮ ਹਿੰਦ ਦਿਸਦੀ ਨਾ ਗੁਰੂ ਗੋਬਿੰਦ ਸਿੰਘ ਅਵਤਾਰ ਜੇ ਤੌਂ ਧਰੇ ਨਾ॥੧੮

ਕਬਿਤ॥ ਜ਼ੁਲਮ ਦੀ ਅੰਧੇਰੀ ਹਿੰਦ ਛਾਈ

ਨੂੰ ਵੈਰਾਨ ਕੀਤਾ ਫੂਲ ਫਲ ਪਾਤ ਕੋਊ ਹੋਣ ਦੇਤ ਹਰੇ ਨਾ । ਫੇਬ ਝਾੜ ਲਾਖ ਬੂਟੇ ਮੂਲ ਸੇ ਉਖਾੜ ਦੀਨੇ ਦੀਨੀ ਪੌਦ ਰਾੜ ਦੀਨੀ ਰਹਿਣ ਦੀਨੇ ਘਰੇ ਨਾ । ਜ਼ਾਲਮੀ ਦੀ ਅਗ ਜਾਲ ਰਹੀ ਕੌਮ ਹਿੰਦੂਆਂ ਦੀ ਏਦ ਮੁਜਾਦੀਆਂ ਤੋਂ ਕੋਈ ਕੰਮ ਸਰੇ ਨਾ । ਆਜ ਜਿੰਦ ਕੌਮ ਹਿੰਦ ਧਰਮ ਹਿੰਦ ਵਿਸਦੀ ਨਾ ਗੋਬਿੰਦ ਮ੍ਰਿਗਿੰਦ ਅਵਤਾਰ ਜੇ ਤਾਂ ਧਰੇ ਨਾ॥੧੯

ਕਬਿਤ ॥ ਬੜੀ ਬੜੀ ਦੂਰ ਦੇ ਲੁਟੇਰਿਆਂ ਨੇ ਆਨ ਆਨ ਲੁਟ ਹਿੰਦ ਦੇਸ ਨੂੰ ਲੈ ਗਏ ਮਾਲ ਭਰੇ ਨਾ । ਹਿੰਦੂਆਂ ਦੇ ਦੇਵਤੇ ਕਰੋੜ ਤੇਤੀ ਥੋੜੇ ਨਹੀਂ ਕਿਸੇ ਨੇ ਭੀ ਮੋੜ ਕੇ ਬੈਠਾਏ ਤੁਰਕ ਪਰੇ ਨਾ। ਪ੍ਰਬਤਾਂ ਨੂੰ ਚੂਰਣੇ ਤੇ ਪੀਵਣੇ ਸਮੁੰਦਰਾਂ ਨੂੰ ਬੜੇ ਬੜੇ ਬਲੀ ਅਹੇ ਜ਼ਾਲਮਾਂ ਦੇ ਅੜੇ ਨਾ । ਧਰਮਬਿੰਦ ਸੁੰਦਰਸਿੰਘ ਕੌਮਹਿੰਦ ਵਿਸਦੀ ਨਾ ਗੋਬਿੰਦ ਮ੍ਰਿਗਿੰਦ ਅਵਤਾਰ ਜੇ ਤਾਂ ਧਰੇ ਨਾ ॥ ੨੦ ॥

ਪਉੜੀ ॥ ਅੰਮ੍ਰਿਤ ਦਾਤਾ ਸਤਿਗੁਰੂ ਸਭ ਸੁਖ ਕਾ ਦਾਤਾ । ਮਹਾਂਰਾਜ ਸੁੰਦਰ ਸਰੂਪ ਮਿਖਨ ਪਿਤ ਮਾਤਾ । ਬਾਲਕ ਲੀਲ੍ਹਾ ਕਰ ਰਹੇ ਮੋਹਿਨ ਰਸ ਮਾਤਾ । ਦਰਸ਼ਨ ਕਰ ਨਰ ਨਾਰ ਸਭ ਚਰਨੀਂ ਲਪਟਾਤਾ । ਨਾਲ ਬਾਲਕਾਂ ਖੇਡਦੇ ਮਿਲ

ਮੇਲ ਮਿਲਾਤਾ । ਸਿਫਤ ਕਰੇ ਕੀ ਸੁੰਦਰ ਸਿੰਘ ਸਭ ਵਿਚ ਖੁਸ਼ਾਤਾ ॥ ੨੧ ॥

ਚੈਂਤ ॥ ਛੋਟੇ ਛੋਟੇ ਹਥਿਆਰ ਮੰਗਾਇ ਸਤਿਗੁਰ ਸੋਹਣੀ ਕਮਰ ਕਟਾਰ ਸਜਾਂਵਦੇ ਨੇ ॥ ਲੈਕੇ ਤੀਰ ਕਮਾਨ ਬੰਦੂਕ ਗੋਲੀ ਅਤੇ ਧਨੁ ਨੇਸ਼ਾਨ ਚਲਾਂਵਦੇ ਨੇ । ਫੌਜ ਬਾਲਕਾਂ ਤਾਂਈ ਬਣਾਇ ਕਰਕੇ ਅਫਸਰ ਸਤਿਗੁਰੂ ਵਿਚ ਸੁਹਾਂਵਦੇ ਨੇ ॥ ਜਿਸ ਤਰਫ ਸਤਿਗੁਰੂ ਜੀ ਆਪ ਹੋਂਦੇ ਜੀਤ ਪਾਇਕੇ ਫਤੇ ਗੰਜਾ-ਵਦੇ ਨੇ ॥ ੨੨ ॥

ਕੌਤਕ ਕਰਨ ਅਨੰਤ ਦੇ ਸਾਹਿਬਜ਼ਾਦੇ ਖੇਡ ਸ਼ਾਮ ਨਾਹੀ ਵਿਚ ਚਿਤ੍ਰਦੇਜੀ ॥ ਰਚਕੇ ਬਾਲਕਾਂ ਦੀ ਫੌਜ ਸੈਨ ਸਤ੍ਰਾਂ ਮਾਰੋ ਮਾਰ ਕਰ ਬਾਜੀਆਂ ਜਿਤਦੇਜੀ । ਮੁਖੋਂ ਵਾਕ ਜੋ ਕਹਿਨ ਸੋ ਸਤਿ ਹੋਵੇ ਦਰਸਨ ਕਰਨ ਪ੍ਰੇਮੀ ਨਾਲ ਹਿਤ ਦੇ ਜੀ ॥ ਲੀਲਾ ਲਖੀ ਨਾ ਜਾਏ ਗੁਰਦੇਵ ਜੀ ਦੀ ਚੋਜ ਨਵੇਂ ਤੋਂ ਨਵੇਂ ਹੈ ਨਿਤ ਦੇ ਜੀ ॥ ੨੩ ॥

ਕਲਗੀ ਵਾਲੇਦਾ ਬਹੁਤ ਪ੍ਰਤਾਪ ਵਧਕੇ ਲਖਾਂ ਸੂਰਜਾਂ ਤੋਂ ਤੇਜ ਮੁਖ ਦਾ ਜੀ ॥ ਕੋਟਾਂ ਬਿਜਲੀਆਂ ਦੀ ਜੋਤ ਮਾਤ ਹੋਵੇ ਚੇਹਰਾ ਚਮਕਦਾ ਨੂਰ ਅਨੂਖਦਾ ਜੀ ॥ ਧੰਨ ਧੰਨ ਉਚਰਾਂਦੇ ਲੋਕ ਸਾਰੇ ਫਟਣ ਗੁਰੂ

ਆਇਆ ਸੰਕਟ ਦੁਖ ਦਾ ਜੀ ॥ ਦੂਰ ਕਰੂ ਪਾਖੰਡ ਤੇ ਦੰਭ ਸਾਰੇ ਸੋਢੀ ਸਿੰਘ ਦਾਤਾ ਗੁਰੂ ਸੁਖਦਾ ਜੀ॥੨੪

ਖੇਲ ਕਈ ਪ੍ਰਕਾਰਦੇ ਕਰਨ ਸਤਿਗੁਰ ਛੋਟੀਉਮਰ ਸੀ ਬਾਲ ਬਲੰਦ ਛਾਯਾ ॥ਕੋਈ ਕਹੇ ਹੈ ਦੇਵਤਾ ਰਾਮ ਰੂਪੀ ਕੋਈ ਕਹੇ ਅਸਮਾਨ ਤੋਂ ਉਤਰ ਆਯਾ ॥ ਕੋਈ ਕਹੇ ਹੈ ਰਬ ਨੇ ਰੂਪ ਧਰਿਆ ਕੋਈ ਕਹੇ ਹੈ ਰਬ ਫਰਜ਼ੰਦ ਆਯਾ ॥ ਸਚਾ ਸਤਿਗੁਰੂ ਕੁਦਰਤੀ ਤੇਜ ਭਰਿਆ ਲੋਕੋ ਜਗਤਦੇ ਤਾਂਈ ਆਨੰਦ ਆਯਾ॥੨੫

ਪਉੜੀ॥ਗੁਰੂ ਪੂਤ ਅਕਾਲਦਾ ਸੁਣਿਓਸਭਮਿੱਤਰ। ਸ੍ਰੀ ਗੁਰੂ ਆਪ ਉਚਾਰਿਆ ਨਾਟਕ ਬਚਿੱਤਰ॥ ਬਾਣੀ ਦੇ ਵਿਚ ਗੁਰਾਂ ਨੇ ਸਭ ਕਹੇ ਚਰਿੱਤਰਿ ॥ ਸਭੀ ਹਵਾਲਾ ਦਸਿਆ ਪੜ੍ਹ ਵੇਖੋ ਨਿੱਤਰਿ ॥ ਆਏ ਆਗਿਆ ਪਾਇ ਕੇ ਕਰਤੇ ਦੀ ਖਿਤਰਿ ॥ ਅੰਤ ਨ ਕੋਈ ਆਂਵਦਾ ਗੁਰ ਪਰਮ ਪਵਿਤ੍ਰਿ ॥ ੨੬ ॥

ਬੈਂਤ। ਪਟਨੇ ਸ਼ੈਹਰ ਦੇ ਖੂਹ ਸਨ ਸਭ ਖਾਰੇ ਪਾਣੀ ਕਿਸੇ ਦਾ ਨਹੀਂ ਸੁਆਦ ਦਾ ਸੀ॥ ਇਕੋ ਖੂਹ ਮਿਠਾ ਖੂਹੇ ਪਾਸ ਗੁਰਦੇ ਸੋਈ ਬਚਨ ਹੋਇਆ ਗੁਰੂ ਆਦ ਦਾ ਸੀ। ਨਾਨਕ ਗੁਰੂ ਦੇ ਬਚਨ ਸੇ-ਹੋਇਆ ਮਿਠਾ ਪਾਣੀ ਸ਼ਹਿਤ ਜਿਉਂ ਰਸਾ ਕਮਾਦ ਦਾ ਸੀ। ਸਾਰਾ ਸ਼ਹਿਰ ਪਾਣੀ ਭਰੇ ਉਸ ਖੂਹੋਂ

ਲਗਾ ਰਹੇ ਮੇਲਾ ਬੇਤਾਦਾਦ ਦਾ ਸੀ॥੨੭॥

ਗੁਰੂ ਫੋੜ ਦੇਂਦੇ ਘੜੇ ਨਾਰੀਆਂ ਦੇ ਛਣਨ
ਤੀਰ ਨਸ਼ਾਨ ਮਿਰਜਾਦ ਦਾ ਸੀ। ਸੋਢੀ ਸਾਹਿਬ
ਜ਼ਾਦੇ ਏਹੋ ਚਾਲ ਪਕੜੀ ਕੰਮ ਕਰਨ ਏਹ ਘੜੇ
ਢੁਆਦ ਦਾ ਸੀ। ਰੋਵਨ ਨਾਰੀਆਂ ਮਾਤਾ ਦੇ ਪਾਸ
ਜਾਕੇ ਕਰਦਾ ਫੇਰ ਏਹ ਕੰਮ ਫਸਾਦ ਦਾ ਸੀ। ਮਾਤਾ
ਵਰਜਦੀ ਹਰਜ ਨ ਕਰੋ ਬੇਟਾ ਕਰਨਾ ਕੰਮ ਨਾ
ਭੜਾ ਬੇਦਾਦਦਾ ਸੀ। ਰਹੇ ਨਿਤ ਝਗੜਾ ਗੁਰੂ ਨਹੀਂ
ਹਟਦੇ ਚਾਰਾ ਚਲਿਆ ਨਹੀਂ ਫਰੀਆਦ ਦਾ ਸੀ
॥੨੮॥

ਮਾਤਾ ਕਹਿਆ ਸੱਚੇ ਸ੍ਰੀ ਗੁਰੂ ਨਾਨਕ ਖੂਹ
ਖਾਰਿਓਂ ਮਿਠਾ ਜੋ ਤੂੰ ਕੀਤਾ। ਏਹ ਨੂੰ ਫੇਰ ਖਾਰਾ
ਕਰੋ ਗੁਰੂ ਸਾਹਿਬ ਸਾਡਾ ਦੁਖੀ ਇਸ ਨੇ ਲੂੰ ਲੂੰ ਕੀਤਾ।
ਝਗੜਾ ਰੌਲਾ ਰਖਾਂਵਦਾ ਹੌਜ ਖੂਹਾ ਫਿਕਾ ਬੋਲਣਾ
ਅਸਾਂਦੇ ਮੂੰਹ ਕੀਤਾ। ਖਾਰਾ ਖੂਹ ਹੋਇਆ ਅਜ ਤੀਕ
ਦੇਖੋ ਮੱਛਰ ਉਡ ਗਿਆ ਜਦੋਂ ਧੂ ਕੀਤਾ॥ ੨੯ ॥

ਮਹਿਮਾ ਗੁਰਾਂ ਦੀ ਅਪਰ ਅਪਾਰ ਭਾਰੀ
ਫੈਲ ਰਹੀ ਸਾਰੇ ਨੇੜੇ ਦੂਰ ਭਾਈ। ਕਰਮਾਤ ਦੇ
ਧਨੀ ਪ੍ਰਤਾਪ ਵਾਲੇ ਤੇਜ ਜੋਸ਼ ਡਾਢੇ ਭਰਪੂਰ ਭਾਈ
ਅੰਤਰਜਾਮੀ ਦਾਤਾਰ ਗੰਭੀਰ ਸੁੰਦਰ ਚੋਹਟੇ ਬਲੀ

ਤੇ ਖਰਸਦਾ ਨੂਰ ਛਾਈ । ਸੰਗਤ ਕਰੇ ਸੇਵਾ ਮੇਲਾ ਰਹੇ ਭਰਿਆ ਸਾਹਿਬਜ਼ਾਦੇ ਮਸ਼ਹੂਰ ਬੜ ਧੂਰ ਲਾਈ ॥ ੩੦॥

ਪਟਨੇ ਸਾਹਿਬ ਜੋ ਸਤਿਗੁਰਾਂ ਚੋਜ ਕੀਤੇ ਕਲਮਾਂ ਕਈਆਂ ਪਾਸੋਂ ਨਹੀਂ ਲਿੱਖ ਹੁੰਦੇ । ਕਲਾਵਾਨ ਆਸਾ ਪੂਰਨ ਮਿਲਨ ਜੋਈ ਸਰਨ ਤੱਕ ਬਹੁਤੇ ਲੋਕ ਸਿੱਖ ਹੁੰਦੇ । ਜੁਗਤ ਭੁਗਤ ਤੇ ਮੁਕਤ ਦੇ ਗੁਰੂ ਵਾਲੀ ਸਿਖ ਵਾਰਨੇ ਗੁਰਾਂ ਨੂੰ ਪਿਖ ਹੁੰਦੇ । ਕਰਕੇ ਸ਼ਾਂਤ ਸਰੂਪ ਦਾ ਦਰਸ ਸੁੰਦਰ ਦੂਰ ਦਿਲਾਂ ਵਿਚੋਂ ਕਿਲ ਬਿਖ ਹੁੰਦੇ ॥ ੩੧ ॥

॥ਪਉੜੀ॥ ਪਟਨੇ ਦੇ ਵਿਚ ਜਗਤ ਸੇਠ ਇਕ ਧਨੀ ਕਰੋੜੀ । ਬਿਨਾ ਔਲਾਦੋਂ ਝੱਲਿਆ ਸਭ ਆਸਾ ਛੋੜੀ । ਸਰਨੀ ਲਗਾ ਗੁਰਾਂ ਦੀ ਸੇਵਕ ਹਥ ਜੋੜੀ । ਸੇਵਾ ਕਰਦਾ ਦਿਨੇ ਰਾਤ ਛਡ ਮਨੋ ਮਰੋੜੀ । ਬਖਸ਼ੀ ਸਤਿਗੁਰ ਸੇਠ ਨੂੰ ਪੁਤਰਾਂ ਦੀ ਜੋੜੀ । ਹਾਜਰ ਕੀਤਾ ਗੁਰਾਂ ਦੇ ਸਨੇ ਸਿਰ ਤੋੜੀ ॥ ੩੨ ॥

ਅਜ਼ਮਤ ਦੇਖੀ ਗੁਰਾਂ ਦੀ ਸਿਖ ਹੋਇ ਸੋ ਤਰਦਾ। ਰਤੇ ਚੰਦ ਭੀ ਹੋ ਗਿਆ ਸੇਵਕ ਗੁਰ ਘਰ ਦਾ । ਛਡ ਵਡਿਆਈ ਮਾਣ ਨੂੰ ਨਿਤ ਸੇਵਾ ਕਰਦਾ । ਹੋਇਆ ਰਹੀਮ ਨਵਾਬ ਭੀ ਨਿਤ ਸਿਜਦਾ ਭਰਦਾ । ਜੋ ਜੋ

ਕਰਦਾ ਭਾਵਨੀ ਕੌਮ ਉਸ ਦਾ ਸਰਦਾ। ਅੰਤ ਨਾ
ਆਵੇ ਸੁੰਦ੍ਰਸਿੰਘ ਸਤਿਗੁਰ ਦੇ ਘਰਦਾ॥ ੨੩॥

॥ਪਉੜੀ॥ ਪੰਜ ਸਾਲਦੀ ਉਮਰਵਿਚ ਕਰਿ
ਕੰਮ ਸਿਆਣੇ। ਕਰੀ ਚੜ੍ਹਾਈ ਪਟਨਿਓਂ ਛਡ ਮਹਿਲ
ਟਿਕਾਣੇ। ਚੱਲੇਪੁਰੀਅਨੰਦ ਨੂੰ ਕਰਿ ਲੋਜ ਵਿਛਾਣੇ।
ਰਸਤੇ ਦੇ ਵਿਚ ਤਾਰਦੇ ਕਈ ਸਿੱਖ ਘਰਾਣੇ। ਲਖ
ਹਜ਼ਾਰਾਂ ਸੂਰਜਾਂਦੇ ਹੋਏ ਚਾਨਾਣੇ। ਪਹੁੰਚੇ ਗੁਰ ਲਖਨੌਰ
ਪਿੰਡ ਰੰਗ ਸੰਗਤ ਮਾਣੇ॥ ੨੪॥

॥ਬੈਂਤ॥ ਭੀਖਨ ਖਾਨ ਫਕੀਰ ਇਕ ਨਗਰੀ
ਦਾ ਮੁਸਲਮਾਨ ਈਮਾਨ ਰਖਾਂਵਦਾ ਸੀ। ਠਸਕਾ ਗਾਂਮ
ਇਨਾਮ ਸੀ ਪਾਸ ਉਸਦੇ ਆਏ ਗਏਨੂੰ ਤਾਮ ਖੁਲ੍ਹਾਂ
ਵਦਾ ਸੀ। ਕਰਾਮਾਤਦੇ ਧਨੀ ਗੁਰ ਬਲੀਸੁਨਕੇਚਿਤ
ਵਿਚ ਬਹੁਤਾ ਖੌਫ ਖਾਂਵਦਾਸੀ। ਮੇਰੀ ਲੁਟ ਨਾ ਗੁਰੂ
ਜਾਗੀਰ ਲੈਂਵਣ ਗੁਰ ਦੇ ਤਾਪ ਜੋਖਿਲੇਨੂੰ ਭਾਂਵਦਾਸੀ।
ਸੀਨਾ ਸਾਫ ਫਕੀਰ ਸੀ ਜ਼ੁਮਨਵਾਲਾ ਸਿਜਦਾ ਗੁਰਾਂਦੀ
ਤਰਫ ਕਰਾਂਵਦਾ ਸੀ॥ ਸਿਜਦਾ ਛੋਡ ਮੱਕੇ ਵੱਲੋਂ ਸ਼ਾਹ
ਭੀਖਨ ਦਸਮ ਗੁਰੂ ਦੀ ਤਰਫ ਨੀਤਾਂਵਦਾ ਸੀ।
ਪੁਛਨ ਲੋਕ ਦੀਨੀ ਸ਼ਾਹਜੀ ਉਲਟ ਕਰਦੇ ਭੀਖਨ
ਸ਼ਾਹ ਉਤਰ ਏਹ ਬਤਾਂਵਦਾ ਸੀ। ਰੱਬ ਰੂਪ ਪ੍ਰਗਟ
ਹੋਇਆ ਗੁਰੂ ਦਸਮਾਂ ਪ੍ਰਭੂ ਰਖਦਾ ਅਸਾਂਨੂੰ ਭਾਂਵਦਾ

ਸੀ॥ ਸੁਣ ਪ੍ਰਤਾਪ ਸਤਿਗੁਰਾਂਦਾ ਪੀਰ ਪਾਸੋਂ ਤੱਜਬ
ਸਭ ਮੁਰੀਦ ਰਹਾਵੰਦਾ ਸੀ। ਨਾਲ ਪੀਰ ਦੇ ਚਲੇ
ਦੀਦਾਰ ਕਰਨੇ ਦਰਸ਼ਨ ਗੁਰਾਂਦੇ ਪੀਰ ਪਹੁੰਚਾਵੰਦਾ
ਸੀ। ਕੀਤਾ ਗੁਰਾਂ ਦਾ ਦਰਸ਼ਨ ਨਿਹਾਲ ਹੋਏ ਭਾਂਡੇ
ਵੱਡੂ ਮਿਠਆਈ ਲੈ ਜਾਵੰਦਾ ਸੀ॥ਅਜ਼ਮਤ ਪਰਖਣੇ
ਹੇਤ ਏਹ ਸ਼ਾਹ ਭੀਖਨ ਚਾਰਨ ਪਰਸ ਗੁਰ ਅਗੇ
ਦਿਖਾਵੰਦਾ ਸੀ॥ ਗੁਰਾਂ ਹਥ ਰਖੇ ਦੋਹਾਂ ਕੁਜਿਆਂ ਤੇ
ਤੀਜਾ ਕੁਜਾ ਗੁਰ ਹੋਰ ਮੰਗਾਵੰਦਾ ਸੀ॥ ਭੀਖਨਸ਼ਾਹ
ਨੂ ਤੁਰਤ ਪ੍ਰਤੀਤ ਹੋਈ ਜਾਮੇਂ ਵਿਚ ਨਾ ਮੂਲ ਸਮਾਂ
ਵੰਦਾ ਸੀ। ਕਾਰਨ ਪੁਛਿਆ ਖਾਦਮਾਂ ਪੀਰ ਪਾਸੋਂ
ਪੀਰ ਖੋਲਕੇ ਭੇਦਸੁਣਾਵੰਦਾਸੀ॥ ਮਜ਼ਬ ਦੋਇਜਹਾਨ
ਦੇ ਵਿਚ ਜੋ ਹੈ ਮੁਸਲਮਾਨ ਹਿੰਦੂ ਜੋ ਕਹਾਵੰਦਾ ਸੀ॥
ਕੂਜੇ ਦੋਇ ਮੈਂ ਤਦੇ ਹਜੂਰ ਰਖੇ ਕੇਹੜੇ ਮਜਹਬ ਨੂ
ਗੁਰੂ ਚਲਾਵੰਦਾ ਸੀ। ਐਪਰ ਗੁਰੂ ਜੀ ਰੱਬ ਸਰੂਪ
ਹੋਕੇ ਹਥ ਦੋਹਾਂ ਦੇ ਨਾਲ ਮਿਲਾਵੰਦਾ ਸੀ। ਤੀਜਾ
ਗੁਰਾਂ ਜੋ ਰਖਿਆ ਆਨ ਕੂਜਾ ਮਜਹਬ ਤੀਸਰਾ ਹੋਰ
ਉਪਜਾਂਵਦਾ ਸੀ। ਦੇਖ ਕਲਾ ਨੂ ਸਭ ਹੈਰਾਨ ਹੋਏ
ਗੁਰੂ ਬਾਲਕਾਂ ਨਾਲ ਖੇਲਾਵੰਦਾ ਸੀ। ਖਿਦੋ ਖੂੰਡੀ
ਗੁਰ ਖੇਲਦੇ ਨਾਲ ਬਾਲਾਂ ਭੀਖਨ ਸ਼ਾਹ ਜਾਂ ਦਰਸ਼
ਨੂ ਆਵੰਦਾ ਸੀ। ਵੰਡ ਦਿਤੀ ਮਠਿਆਈ ਸਭ

ਬਾਲਕਾਂ ਨੂੰ ਕੁਦਰਤੀ ਰੂਹ ਦਿਖਾਂਵਦਾ ਸੀ। ਭੀਖਨ ਸ਼ਾਹ ਜੀ ਏਥ ਬ੍ਰਿਤਾਂਤ ਐਸਾ ਚਰਨੀਂ ਗੁਰਾਂ ਦੀ ਸੀਸ ਨਿਵਾਵੰਦਾ ਸੀ। ਗੁਰਾਂ ਕਹਿਆ ਜੋ ਪੀਰ ਜਾਗੀਰ ਤੇਰੀ ਪਿੰਡ ਤੇਰੇ ਹੀ ਪਾਸ ਸੁਹਾਵੰਦਾ ਸੀ॥ ਰਖ ਹੱਥ ਨੂੰ ਯਾਦ ਅਬਾਦ ਰਹਿਸੀਂ ਤੇਰਾ ਪਿੰਡ ਨਾ ਕੋਈ ਤਕਾਵੰਦਾ ਸੀ। ਵਰ ਪਾਇ ਵਰਸਾਇ ਸਿਰ ਲਾਇ ਚਰਨੀ ਭੀਖਨਸ਼ਾਹ ਅਨੰਦ ਰਹਾਵੰਦਾ ਸੀ। ਸੁੰਦਰ ਸਿੰਘ ਕੌਤਕ ਸਚੇ ਸਤਿਗੁਰਾਂ ਦੇ ਧੰਨ ਧੰਨ ਸਾਰਾ ਜਗ ਗਾਵੰਦਾ ਸੀ॥ ੩੫॥

ਪਉੜੀ॥ ਤੁਰ ਲਖਨੌਰੋਂ ਸਤਿਗੁਰੂ ਸਜ ਸੁੰਦਰ ਥਾਣੇ। ਪਹੁੰਚੇ ਪੁਰੀ ਅਨੰਦ ਪੁਰ ਰੰਗ ਆਨੰਦ ਮਾਣੇ। ਦਰਸ਼ਨ ਕਰਕੇ ਸਿਖ ਤੇ ਸਭ ਲੋਗ ਲੁਭਾਣੇ। ਰਾਜ ਸਾਜ਼ ਦਾ ਸਿਲਸਿਲਾ ਹਥਿਆਰ ਸੁਹਾਣੇ। ਤੇਜ ਨ ਕੋਈ ਸਹਿ ਸਕੇ ਰੂਹ ਉਮਰ ਨਿਆਣੇ। ਚਰਨੀਂ ਝੁਕੀਆਂ ਸੰਗਤਾਂ ਗੁਰ ਮਾਣ ਨਿਮਾਣੇ॥ ੩੬॥

ਪਉੜੀ॥ ਦਰਸ਼ਨ ਕਰਕੇ ਖੁਸ਼ ਭਏ ਗੁਰ ਤੇਗ ਬਹਾਦਰ। ਕਲਗੀ ਧਰ ਚਰਨੀਂ ਝੁਕੇ ਪਿਤ ਕੀਤਾ ਆਦਰ। ਸ਼ਕਤੀ ਭਰਿਆ ਪੂਤ ਭਲਿ ਹੈ ਭੇਜਿਆ ਕਾਦਰ। ਦੇਣ ਵਧਾਈਆਂ ਆਣਕੇ ਸਭ ਜੁੜੇ ਬਿਰਾਦਰ। ਰੱਜੇ ਜਾਚਕ ਦਾਨ ਲੈ ਧਨ ਬਰਸੇ

ਸ਼ਾਦਰੋ। ਬਲਿਹਾਰੇ ਗੁਰਦੇਵ ਤੋਂ ਪਿੰਦਨ ਕੀ ਚਾਦਰ ॥ ੩੭ ॥

ਪਉੜੀ ॥ ਕਲਾ ਗੁਰੂ ਦੀ ਵਰਤਦੀ ਵਿਚ ਪੁਰੀ ਅਨੰਦੇ। ਮੇਲਾ ਰੋਜ ਹੋਵੰਦਾ ਪਰਵਾਰ ਜੋ ਬੰਦੇ। ਮਿਲਨ ਮੁਰਾਦਾਂ ਗੁਰਾਂ ਤੋਂ ਮਿਟਦੇ ਦੁਖ ਗੰਦੇ ਸੇਵਾ ਕਰਦੇ ਹਥ ਜੋੜਨ ਸਿਖ ਹੁਕਮੀ ਬੰਦੇ। ਕਈ ਗੁਨਾਹੀ ਡਰ ਹਾਏ ਛਡ ਖੋਟੇ ਧੰਦੇ। ਬਲਿਹਾਰੀ ਗੁਰੰ ਆਪਣੇ ਧੰਨ ਧੰਨ ਕਰੰਦੇ॥ ੩੮ ॥

ਪਉੜੀ ॥ ਇਨਾਂ ਦਿਨਾਂ ਵਿਚ ਬਾਦਸ਼ਾਹ ਜੋ ਮੁਗਲ ਚੁਗੱਤੇ। ਜ਼ਾਲਮ ਜ਼ੁਲਮ ਵਧਾਇਆ ਕੰਮ ਕਰਨ ਅਵੱਲੇ। ਲੋਕ ਭੁੱਜਦੇ ਧਾਣ ਜਿਉਂ ਭਠਿਆਰੇ ਤੱਤੇ। ਧਰਮ ਡੋਬਦੇ ਹਿੰਦਦੇ ਪਾਪੀ ਮਨ ਮੱਤੇ॥ ਜੋਰ ਬੇਅਦਲ ਮਚਾਇਆ ਜ਼ਾਲਮ ਕੁਪੱਤੇ। ਜਗਤ ਪੁਕਾਰਾਂ ਕਰ ਰਿਹਾ ਗਲ ਪੱਲੇ ਘੱਤੇ ॥ ੩੯ ॥

ਬੈਠਾ ਦਿੱਲੀ ਤਖਤ ਤੇ ਨੌਰੰਗਾ ਧ੍ਰੋਹੀ। ਦਾਰੇ ਸਕੇ ਭਰਾਉ ਦੀਜਿਨ ਜਿੰਦੜੀ ਕੋਹੀ। ਬਾਪ ਸ਼ਾਹ ਜਹਾਂ ਕੈਦ ਕਰ ਅਦਾਲਤਿ ਖੋਹੀ। ਇਕੋ ਦੀਨ ਬਣਾਵਦਾ ਕਰਦਾ ਕਲਲੋਹੀ। ਮਾਰ ਮਚਾਈ ਜੋਰ ਦੀ ਹਦ ਰਹੀ ਨ ਕੋਈ। ਫਿਰਦੀ ਉਸਦੇ ਜ਼ੁਲਮ ਦੀ ਦੁਨੀਆਂ ਵਿਚ ਦੋਹੀ ॥ ੩੯ ॥

ਪਉੜੀ॥ਬਿਪਤਾ ਪਾਈ ਹਿੰਦ ਤੇ ਇਕ ਦੀਨ ਬਣਾਵੇ॥ ਜੰਞੂ ਲਾਹ ਕੇ ਸਵਾ ਮਣ ਤਾਂ ਰੋਟੀ ਖਾਵੇ। ਕਲਮਾਂ ਜੇਹੜਾ ਪੜ੍ਹੇ ਨਾ ਸੋ ਕਤਲ ਹੋ ਜਾਵੇ। ਉੱਚੇ ਉੱਚੇ ਹਿੰਦੂਆਂ ਨੂੰ ਪਕੜ ਮੰਗਾਵੇ। ਦੇ ਤਸਦੀਹੇ ਪੰਡਤਾਂ ਖਾਨਾ ਖੁਲਵਾਵੇ। ਹਿੰਦੂ ਮੁਰਦੇ ਹੋ ਜਾਇ ਕੁਝ ਪੇਸ਼ ਨ ਜਾਵੇ॥ ੪੦॥

ਪਉੜੀ॥ਹਿੰਦੂਕਾਇਰ ਹੋਗਏ ਜੀਉ ਦੇਹੀ ਮੋਏ। ਕਿਤੇ ਨਾਂ ਮਿਲਦਾ ਆਸਰਾ ਫਿਰਦੇ ਵਿਚ ਟੋਏ।ਬਾਂਹ ਫੜ ਕੋਈ ਨ ਰੱਖਦਾ ਦੁਖ ਬੂਹੇ ਢੋਏ। ਤੇਗ ਬਹਾਦਰ ਗੁਰੂ ਦੇ ਅਗੇ ਆ ਰੋਏ।ਸਰਨ ਪਾਲ ਘਰ ਗੁਰੂਦਾ ਸੰਕਟ ਨੂੰ ਖੋਏ॥ ਰਖਲੈ ਸਤਿਗੁਰ ਨਾਵਿਆਂ ਦਰਿ ਆਣ ਖਲੋਏ॥ ੪੧॥

ਪਉੜੀ॥ਸੁਣ ਬਿਰਲਾਪ ਇਹ ਕਹਿਰ ਦਾ ਦੁਖੀਏ ਦਰਿ ਡੋਲੇ। ਦੁਖੀਆਂ ਹਾਲ ਬਿਹਾਲ ਦੇ ਬਹੁ ਚਿੱਠੇ ਖੋਲੇ॥ ਹੋਇ ਬੇਧਰਮੀ ਮਰਿ ਰਹੇ ਜੋ ਉੱਤਮ ਚੋਲੇ। ਤੇਗ ਬਹਾਦਰ ਗੁਰੂ ਜੀ ਅਗੋਂ ਇਉਂ ਬੋਲੇ। ਹੋਵੇ ਪੁਰਖ ਮਹਾਤਮਾ ਧਰਮੋ ਜਿੰਦ ਘੋਲੇ॥ਦਿੱਲੀ ਜਾ ਕੁਰਬਾਨ ਹੋਇ ਰਤ ਆਪਨੀ ਡੋਲ੍ਹੇ ॥ ੪੨ ॥

ਪਉੜੀ॥ਨੌਉਂਮੇਂਗੁਰਦਾ ਲਾਡਲਾ ਗੁਰਕਲਗੀਵਾਲਾ॥ ਨੌਉਂ ਬਰਸਾਂਦੀ ਉਮਰਸੀ।ਡਿਠਾ ਇਹਹਾਲ॥ਝੱਲ ਨਾ

ਸੋਕ ਦੁਖਨੂੰ ਬਹੁ ਹੋਇ ਉਤਾਲਾ ॥ ਮੁਖ ਭਰਿਕਹਿੰਦੇ
ਪਿਤਾਨੂੰ ਸੁਣ ਦੀਨ ਦਿਆਲਾ ॥ ਕਉਣ ਪਵਿਤ੍ਰ
ਆਪਤੋਂ ਜਗ ਦੇਇ ਦਿਖਾਲਾ॥ਆਪੇ ਮੇਟ ਅੰਧੇਰ ਨੂੰ
ਕਰਦੇਓ ਉਜਾਲਾ॥੪੩॥ਪਉੜੀ॥ਧੰਨ ਧੰਨ ਕਲਗੀ
ਵਾਲਿਆ ਤੇਰੇ ਉਪਕਾਰੇ ॥ ਤੇਗ ਬਹਾਦਰ ਪਿਤਾ ਜੀ
ਦੁਖੀਆਂ ਤੋਂ ਵਾਰੇ । ਪਿਤਾ ਸੀਸ ਕੁਰਬਾਨ ਕਰ ਵਾਰੇ
ਸੁਤ ਚਾਰੇ॥ਆਪ ਖੇਦ ਸਹਿ ਦੇਹਿਤੇ ਕੀਤੇ ਜੰਗ ਭਾਰੇ।
ਜ਼ੁਲਮ ਮਿਟਾਇਆ ਦੁਨੀ ਚੋਂ ਕੀਤੇ ਸੁਖਿਆਰੇ ॥
ਕੌਣ ਵਡਾਈ ਤੁਧਦੀ ਲਿਖ ਬੋਲ ਉਚਾਰੇ ॥ ੪੪ ॥
ਪਉੜੀ॥ਵਾਰ ਪਿਤਾਨੂੰ ਅਸਾਂਤੋਂ ਸੁਖਦੇ ਦੁਖਿਆਰਾਂ॥
ਤਖਤ ਬੈਠ ਸੰਭਾਲੀਆਂ ਸਭੇਹੀ ਕਾਰਾਂ । ਸ਼ਸਤ੍ਰਬਿਦਿ
ਆ ਬਖਸ਼ੀਆਂ ਮੂੜ੍ਹਾਂ ਗਾਵਾਰਾਂ । ਕੰਬਗਏ ਤਪ ਦੇ
ਖਰੇ ਸਭ ਬਾਈ ਧਾਰਾਂ॥ ਨਹੀ ਹੌਸਲਾ ਹਾਰਿਆ
ਸੁਣ ਮਾਰੇ ਮਾਰਾਂ ॥ ਮਾਰ ਮੁਕਾਇਆ ਜ਼ਾਲਮਾ ਡਾਰਾਂ
ਦੀਆਂ ਡਾਰਾਂ । । ੪੫ ॥ ਪਉੜੀ ॥
ਉਚੀ ਉਪਮਾ ਗੁਰਾਂ ਦੀ ਮਹਿਕੇ ਮੁਸਕੰਬਰਿ ॥ ਇਕ
ਜੀਭ ਨਾ ਅੰਤ ਲੈ ਜਿਉ ਪੰਛੀ ਅੰਬਰਿ ! ਸਾਨੀ
ਦਸਵੇਂ ਗੁਰੂ ਦਾ ਨਹੀ ਕੋਈ ਪੈਗੰਬਰਿ ॥ ਨਾ ਕੋਈ
ਅਵਤਾਰ ਤੁਲ ਕਰਿ ਗਏ ਅਡੰਬਰਿ । ਕਰਨੀ ਪਿਖ
ਕੇ ਦਸਮ ਦੀ ਸਭ ਨਸੇ ਨਨੰਬਰਿ॥ਜਗ ਵਿਚ ਦਸਵੇਂ

ਗੁਰੂ ਦਾ ਵਧ ਸਭ ਤੇ ਨਿਆਰਿ ॥ ੪੬ ॥

ਕਬਿਤ ॥ ਚੌਂਕੜੀ ॥

ਉਡ ਗਈ ਜਦੋਂ ਸੂਰ ਬੀਰਤਾਈ ਹਿੰਦ ਵਿਚੋਂ ਕਾਇਰ ਤੇ ਰਾਕਲ ਹੋ ਰਹੀ ਕਮਜ਼ੋਰ ਸੀ ॥ ਜ਼ਾਲਮਾਂ ਦੇ ਰਾਜ ਦੇ ਅਨੇਕ ਪਾਪ ਮੱਚ ਰਹੇ ਹਿੰਦੂਆਂ ਦੇ ਨੱਕ ਮੈਂ ਪਰੋਈ ਹੋਈ ਡੋਰ ਸੀ ॥ ਹਿੰਦ ਮੁਰਦਾਰ ਬਿਨਾਂ ਜਿੰਦ ਗ਼ਮਗੀਨ ਹੋਈ ਕੋਈ ਰਖਵਾਲਾ ਨਦੋਂ ਦਿਸਦਾ ਨ ਹੋਰ ਸੀ ॥ ਸ੍ਰੀ ਦਸਮੇਸ਼ ਕੇਸਾ ਧਾਰੀ ਏਹ ਸਜਾਇਆ ਪੰਥ ਅੰਮ੍ਰਿਤ ਛਕਾਯਾ ਤੇ ਮਿਟਾਯਾ ਅੰਧ ਘੋਰ ਸੀ ॥ ੧ ॥ ੪੭ ॥

ਕਬਿਤ ॥ ਹਿੰਦੂਆਂ ਦੇ ਰੂਪ ਨੂੰ ਬਿਗਾੜ ਕੇ ਕਰੂਪ ਕੀਤਾ ਦਾੜ੍ਹੀ ਕੇਸ ਕੱਟ ਕੀਨੇ ਘੋਨ ਮੋਨ ਚੋਰ ਸੀ । ਮਾਲਕੀ ਜ਼ਮੀਨ ਸੰਦੀ ਕਿਤੇ ਭੀ ਨਾ ਰੈਹਣ ਦਿਤੀ ਪਾਲਕੀ ਭੁਲਾਇਕੇ ਬਿਗਾਰੀ ਲਾਏ ਤੌਰ ਸੀ । ਜ਼ਿਮੀਦਾਰਾਂ ਤਾਂਈ ਜ਼ਿਮੀ ਪੁੱਛਦੇ ਪਟੇਲ ਕਹਿਣ ਦੱਬੇ ਹੋਇ ਹਿੰਦੂ ਸਭੀ ਹੁਕਮੇ ਦੀ ਡੋਰ ਸੀ॥ ਸਿਰੀ ਦਸਮੇਸ਼ ਕੇਸਾ ਧਾਰੀ ਹੈ ਸਜਾਯਾ ਪੰਥ ਕੱਟਕੇ ਕਲੇਸ਼ ਤੇ ਮਿਟਾਯਾ ਅੰਧ ਘੋਰ ਸੀ ॥੨॥ ੪੮ ॥

ਕਬਿਤ ॥ ਪੂਜ ਅਸਥਾਨ ਸੋ ਵੈਰਾਨ ਹੋਏ ਹਿੰਦੂਆਂ ਦੇ ਬੇਦ ਤੇ ਪੁਰਾਨ ਦੀ ਨ ਰਹੀ ਘਨ

ਘੋਰ ਸੀ। ਪੂਜਾ ਪਾਠ ਤੀਰਥ ਸ਼ਿਨਾਨ ਕਥਾ ਸੰਖ
ਧੁਨ ਹਾਵਣੀ ਨਾ ਮਿਲੇ ਘੰਟੇ ਤਾਂਈ ਭੀ ਟਕੋਰ ਸੀ॥
ਪੰਡਾਂ ਢੋਇਆ ਪੰਡਾਂ ਦੁਖ ਆਨ ਪਏ ਹਿੰਦ ਉਤੇ ਸੁਤੇ
ਨਾ ਸੀ ਕਦੇ ਸੁਖ ਨਾਲ ਨਿਸ ਭੋਰ ਸੀ। ਸਿਰੀ
ਦਸਮੇਸ਼ ਕੇਸਾ ਧਾਰੀ ਹੈ ਸਜਾਯਾ ਪੰਥ ਦੁਖ ਨੂੰ
ਮਿਟਾਯਾ ਤੇ ਦਿਖਾਯਾ ਤੇਗ ਜ਼ੋਰ ਸੀ॥੩॥੪੯॥

ਕਬਿਤ॥ ਬੜੇ ਅਪਰਾਧ ਤੇ ਫਸਾਦ ਚਾਏ
ਜ਼ਾਲਮਾਂਨੇ ਸੁਣੇ ਫਰਿਆਦ ਨਾ ਕੋ ਹਾਕਮ ਕਠੋਰ
ਸੀ। ਸ਼ਰਮ ਤਾਂਈ ਛੋੜਕੇ ਕੁਕ੍ਰਮ ਉਤੇ ਲੱਕ ਬੱਧਾ
ਮਾਰ ਮਸਕੀਨਾਂ ਨੂੰ ਵਧੇ ਹਰਾਮ ਖੋਰ ਸੀ। ਹਿੰਦੂਆਂ
ਦਾ ਵਾਲੀ ਤਾਂ ਅਕਾਲੀ ਗੁਰੂ ਆਪ ਹੋਇਆ ਮਾਲੀ
ਬਿਨਾਂ ਖਾਲੀ ਬਾਗ਼ ਲੁਟ ਰਹੇ ਚੋਰ ਸੀ। ਸ੍ਰੀ ਦਸਮੇਸ਼
ਕੇਸਾ ਧਾਰੀ ਏਹ ਸਜਾਇਆ ਪੰਥ ਵਾਸਤੇ ਹਮੇਸ਼
ਦੇ ਮਿਟਾਯਾ ਅੰਧਘੋਰ ਸੀ॥ ੪ ॥ ੫੦

ਕਬਿਤ ਚੋਕੜੀ॥ ਸ੍ਰੀ ਦਸਮੇਸ ਜਾਂ ਕਲੇਸ਼
ਡਿਠਾ ਹਿੰਦੂਆਂ ਦਾ ਕੇਸ ਹੀਨ ਸੀਸ ਦਾੜ੍ਹੀ ਕਟੀ
ਮੁਰਦਾਰ ਹੈ॥ ਰੂਪ ਤੇਂ ਕਰੂਪ ਹੋ ਲਾਚਾਰ ਦੁਖਾਂਨਾਲ
ਹੋਏ ਜ਼ੁਲਮ ਦੀਆਂ ਛੱਟਾਂ ਢੁਕੀ ਢੋਇ ਰਹੇ ਭਾਰ ਹੈ॥
ਆਨਸ ਕੀ ਜ਼ਾਤ ਬੇ ਵਿਚਾਰ ਹੋ ਖੁਆਰ ਹੋਈ ਦਾਰੂ
ਬਾਝ ਰੋਗੀ ਦੁਖ ਝਲਦੇ ਬੀਮਾਰ ਹੈ। ਦੀਨਾ ਤੇ

Acc. No. 3465 dt. 10.9.1964.

ਦਿਆਲ ਹੋ ਅਕਾਲ ਰੂਪ ਵੈਦ ਆਯਾ ਸ੍ਰੀ ਦਸਮੇਸ਼
ਜੀ ਦੇ ਲਾਖੋਂ ਉਪਕਾਰ ਹੈ ॥ ੧ ॥ ੫੧ ॥

ਕਬਿਤ ॥ ਆਦ ਰੂਪ ਖਾਲਸੇ ਦਾ ਭੇਸ ਕੇਸ
ਰਖੇ ਸੀਸ ਦਿਤੇ ਉਪਦੇਸ਼ ਦੇ ਬਿਸ਼ੇਸ ਤੀਰ ਮਾਰਹੈ॥
ਖੰਡੇ ਧਾਰ ਅੰਮ੍ਰਿਤ ਛਕਾਇ ਦੁਖ ਖੰਡ ਦਿਤੇ ਹਥਵਿਚ
ਦਿਤੀ ਤਿਖੀ ਤੇਜ ਤਲਵਾਰ ਹੈ॥ ਸੁਹਮੇ ਦਾ ਬਾਣਾ
ਦੇ ਬੇਖੌਫ ਕੀਤਾ ਦਿਲਾਂ ਤਾਂਈ ਨਾਮ ਹੈ ਜਪਾਇਆ
ਸਤਿਨਾਮ ਕਰਤਾਰ ਹੈ॥ ਦੀਨਾਂ ਤੈ ਦਿਆਲ ਹੋ
ਅਕਾਲ ਰੂਪ ਵੈਦ ਆਇਆ ਸ੍ਰੀ ਦਸਮੇਸ ਤੇਰੇਲਾਖੋਂ
ਉਪਕਾਰ ਹੈ ॥ ੨ ੫੨ ॥

ਕਬਿਤ ॥ ਚਾਰ ਬਰਨ ਤਾਂਈ ਸੀਨੇ ਲਾਇਕੇ
ਪਿਆਰ ਕੀਤਾ ਦਿਤਾ ਊਚ ਨੀਚਤਾ ਦੇ ਭੇਦ ਨੂੰ
ਨਿਵਾਰ ਹੈ। ਛਤਰੀ ਦਾ ਕਰਮ ਧਾਰ ਸ਼ਸਤ੍ਰਾਂ ਨੂੰ
ਧਰਮ ਰਖੇ ਜਨਮ ਮਨੁਖ ਭਗਤ ਸੂਰ ਜਾਂ ਦਾਤਾਂਰਹੈ।
ਵਾਹਿਗੁਰੂ ਦਾ ਖਾਲਸਾ ਗਜਾਓ ਫਤੇ ਵਾਹਿਗੁਰੂ ਦੀ
ਜ਼ਾਲਮਾਂ ਨੂੰ ਕਟੋ ਏਹੋ ਖਾਲਸੇ ਦੀ ਕਾਰ ਹੈ। ਦੀਨਾਂ
ਤੇ ਦਿਆਲ ਹੋ ਅਕਾਲ ਰੂਪ ਵੈਦ ਆਇਆ ਧੰਨ
ਦਸਮੇਸ ਤੇਰੇ ਲਾਖੋਂ ਉਪਕਾਰ ਹੈ ॥ ੩ ॥ ੫੩ ॥

ਕਬਿਤ ॥ ਹਿੰਦੂਆਂ ਤੇ ਕੀਤੇ ਉਪਕਾਰ ਦਸ-
ਮੇਸ ਜੀ ਨੇ ਰੁੜ੍ਹੇ ਜਾਂਦੇ ਬੇੜੇ ਤਾਂਈ ਲਾਇਆ ਬੰਨੇ

ਧਾਰ ਹੈ। ਦੀਨੀਆਂ ਦੇ ਉੱਤੇ ਉਪਕਾਰ ਬਾਜਾਂਵਾਲੜੇ ਦੇ ਜ਼ੁਲਮ ਤੋਂ ਹਟਾਂਦੇ ਹੋਂਦੇ ਭਾਰੇ ਗੁਨਾਹਗਾਰ ਹੈ। ਖਾਲਸੇ ਦੇ ਉੱਤੇ ਉਪਕਾਰ ਦਸਮੇਸ਼ ਜੀ ਦਾ ਉੱਚੇ ਕੀਤੇ ਜਗ ਵਿਚੋਂ ਚਾਜੇ ਸਰਦਾਰ ਹੈ। ਦੀਨਾਂ ਤੇ ਦਿਆਲ ਹੋ ਅਕਾਲ ਰੂਪ ਵੇਦ ਆਇਆ ਸ੍ਰੀ ਦਸ-ਮੇਸ਼ ਜੀ ਦੇ ਬਹੁਤ ਉਪਕਾਰ ਹੈ॥ ੪ ॥ ੫੪ ॥

ਕੋਰੜਾ ॥ ਤਖਤਾ ਜ਼ਮੀਨ ਦਾ ਸੀ ਜਦ ਕੰਬਿਆਂ ॥ ਹਿੰਦੂਆਂ ਦੇ ਬੇਦ ਦੇਵੀ ਦੇਵ ਹੰਬਿਆ ॥ ਸਵਾ ਮਣ ਰੋਜ਼ਦੇ ਜਨੇਊ ਲਬਦੇ। ਟਿਕੇ ਬੋਦੀ ਵਾਲਿਆਂ ਨੂ ਪਹਿਲਾ ਨਥਦੇ। ਜ਼ਾਲਮਾ ਦੇ ਪਾਸੋਂ ਨਾ ਕਿਸੇ ਛੁਡਾਵਣਾ ॥ ਹੋਇਆ ਦਸਮੇਸ਼ ਜੀਦਾ ਤਾਂਹੀਓ ਆਵਣਾ ॥ ੧ ॥

ਕਹਿਰ ਭਿਆਨਕ ਹੋਰਹੀ ਹਿੰਦਸੀ ॥ ਹੋਏ ਮੁਰਦਾਰ ਛੁਟਰਹੀ ਜ਼ਿੰਦਸੀ। ਨਿਰਬਲ ਨਿਤਾਣੇ ਰੋਕੇ ਧਾਹੀ ਮਾਰਦੇ ॥ ਵੈਰੀਆਂ ਦੇ ਅਗੇ ਨਹੀ ਸੀ ਹੂ ਉਚਾਰਦੇ। ਐਸਿਆਂ ਨਿਮਾਣਿਆਂ ਗੁਰੂ ਬਣਾਵਣਾ ॥ ਹੋਇਆ ਦਸਮੇਸਜੀਦਾ ਤਾਹੀਓਂ ਆਵਣਾ ॥ ੨ ॥

ਜ਼ਾਲਮਾਂ ਦਾ ਖੰਡਾ ਚਲੇ ਤਿਖੇ ਜ਼ੋਰ ਦਾ। ਕੋਈ ਨ ਸ਼ੁਮਾਰ ਹੈਸੀ ਅੰਧ ਘੋਰ ਦਾ। ਗਊ ਤੇ ਗਰੀਬ ਸਾਧ ਦੁਖੀ ਨਾਰੀਆਂ। ਧਰਮ ਤੋਂ ਬੇਧਰਮ

ਕਰ ਲਾਖੋਂ ਮਾਰੀਆਂ । ਨਾਥ ਹੋ ਅਨਾਥਾਂ ਤਾਂਈ ਹੈ ਰਖਾਵਣਾ । ਹੋਇਆ ਬਾਜਾਂ ਵਾਲੇ ਜੀਦਾ ਤਾਂਹੀਓ ਆਵਣਾ । ੩ ॥

ਕੋਈ ਨਹੀਂ ਆਸਰਾ ਸੀ ਜਦੋਂ ਹਿੰਦ ਦਾ ॥ ਹੋ ਗਿਆ ਮੁਹਾਲ ਵਾਸਾ ਝਟ ਜਿੰਦਦਾ ॥ ਔਰੰਗੇ ਦੇ ਨਾਲ ਖਲਾਂ ਸੀ ਉਧੇੜਦੇ । ਨਾਲੇ ਕਤਲਾਮ ਲਖਾਂ ਨੂੰ ਨਿਬੇੜਦੇ ॥ ਘਰਾਂ ਵਿਚ ਰਖ ਮਾਰਨੇ ਬਚਾਵਣਾ॥ ਹੋਇਆ ਕਲਗੀ ਵਾਲੜੇ ਦਾ ਤਾਂਹੀਓ ਆਵਣਾ॥੪॥

ਦੁਖੀਆਂ ਗਰੀਬਾਂ ਤਾਂਈ ਪ੍ਰਭ ਪਾਲਣਾ ॥ ਰੱਛਾ ਕਰਿ ਸਾਧ ਸੰਤ ਨੂ ਸੰਭਾਲਣਾ ॥ ਭੁਲੇ ਹੋਇ ਇਕ ਤੋਂ ਜੋ ਰਹਿਣ ਡੋਲਦੇ । ਜਗਾ ਜਗਾ ਜਾਇ ਜੋਹੜੇ ਸੁਖ ਟੋਲਦੇ ॥ ਇਕ ਹੀ ਅਕਾਲ ਓਨਾ ਤੋਂ ਜਪਾਵਣਾ ॥ ਹੋਇਆ ਦੇਸਾਂ ਵਾਲੜੇ ਦਾ ਤਾਂਹੀਓ ਆਵਣਾ ॥ ੫ ॥

ਚਾਰ ਬਰਨ ਕੱਠੇ ਕਰਿ ਇਕੋ ਠੌਰ ਜੀ ॥ ਖਾਲਸਾ ਸਜਾਇਆ ਪੰਥ ਸਿਰ ਮੌਰ ਜੀ । ਅੰਮ੍ਰਿਤ ਛਕਾਇ ਸੂਰ ਬੀਰ ਕੀਤੜੇ । ਸਵਾ ਲਖ ਤਾਂਈ ਇਕੋ ਸਿੰਘ ਜੀਤੜੇ॥ ਰਾਜ ਸਾਜ ਖਾਲਸੇ ਨੂ ਸੌਂਪਿ ਜਾਵਣਾ। ਹੋਇਆ ਦਸਮੇਸ਼ ਜੀ ਦਾ ਤਾਂਈਓ ਆਵਣਾ ॥ ੬ ॥ ਜ਼ਾਲਮਾਂ ਨੂ ਮਾਰ ਮਸਕੀਨਾਂ ਤਾਰਨਾ । ਭੇਖੀਆਂ

ਪਾਖੰਡੀਆਂ ਨੂੰ ਭੀ ਸੁਧਾਰਨਾ ॥ ਸੇਵਾ ਸਤਿਸੰਗ ਵਿਖੇ ਨਾਮ ਜਪਣਾ ।ਬਾਣੀ ਦਾ ਉਚਾਰ ਰਾਗ ਨੂੰ ਆਲਪਣਾ॥ ਸੁਖ ਦੁਖ ਵਿਚ ਭਾਣੇ ਨੂੰ ਮਨਾਵਣਾ। ਹੋਇਆ ਫੌਜਾਂ ਦਾ ਲੜੇ ਦਾ ਤ੍ਰਾਹੀਓਂ ਅੜਣਾ ॥ ੭ ॥

ਹੋਵਣਾ ਸ਼ਹੀਦ ਸਿਧੇ ਮਥੇ ਜਰਾ ਸੇ। ਰਤੇ ਰਹਿਣਾ ਸਦਾ ਹੀ ਪ੍ਰੇਮ ਰੰਗ ਮੇ॥ ਜਗੀ ਤੋਂ ਉਚੇਰਾ ਸਿਖ ਬਾਣਾ ਸਾਜਿਆ। ਕੀਤੀ ਬਖਸ਼ੀਸ਼ ਸਚੇ ਮਹਾਰਾਜਿਆ ॥ ਸ੍ਰੀਦੂਸਿੰਘਜੇ ਹਿਆਂ ਗੁਰੂ ਜਸ ਗਾਵਣਾ । ਹੋਯਾ ਦਸਮੇਸ਼ ਜੀ ਦਾ ਤ੍ਰਹੀਓਂ ਆਵਣਾ ॥ ੯ ॥

ਗ਼ਜ਼ਲ ਗੁਰ ਕੀਰਤੀ

ਗੁਰੂ ਗੋਬਿੰਦ ਸਿੰਘ ਜੀ ਕੇ ਜਨਮ ਦਿਨ ਕੀ ਵਧਾਈ ਹੈ॥ ਧਰਮ ਕੇ ਰਾਖਿਆ ਸਤਿਗੁਰ ਫਤੇ ਚਾਰ ਠੌਰ ਪਾਈ ਹੈ ॥ ੧॥ ਪਰੀ ਪਟਨੇ ਵਿਖੇ ਪ੍ਰਗਟੇ ਪੋਖ ਕੀ ਸਪਤਮੀ ਸੁਦ ਕੋ। ਭਇਓ ਸਭ ਜਗਤ ਮੇਂ ਚਾਨਣ ਅਵਤਰੇ ਸੁੱਖਦਾਈ ਹੈ ॥੨॥ ਕਰੇ ਉਪਕਾਰ ਜੋ ਭਾਰੇ ਸੁਣਾਏ ਜਾਤ ਨਾ ਸਾਰੇ। ਅਸਾਂ ਤੇ ਹੈਨ ਸਭ ਵਾਰੇ ਪਿਤਾ ਸਭ ਪੁਤ੍ਰ ਮਾਈ ਹੈ ॥ ੩ ॥ ਜ਼ੁਲਮ ਕੋ ਦੇਖ ਕੇ ਰੋਤੇ ਆਪ ਨਹੀਂ ਸੁਖ ਸੇ ਸੋਤੇ। ਰਹੇ ਸਭ ਹਿੰਦੂ ਆ ਰੋਤੇ ਭਏ ਸਤਿਗੁਰ ਸਹਾਈ ਹੈ ॥ ੪ ॥ ਭਏ ਜੋ ਦੀਨ ਥੇ ਹਿੰਦੂ ਤਿਨੋਂ ਕੀ ਰਾਖ ਕੇ ਜਿੰਦੂ।

ਸਜਾਇਆ ਪੰਥ ਖਾਲਸ ਹੈ ਦੂਜੀ ਅੰਮ੍ਰਿਤ ਪਿਲਾਈ
ਹੈ॥ ੫ ॥ ਬਖਸ਼ ਅੰਮ੍ਰਿਤ ਦੀ ਤਾਕਤ ਕੋ ਬਨਾਏ ਸ਼ੇਰ
ਗਿਦੜਾਂ ਤੋਂ । ਜੋ ਸੂਰੇ ਜਗਤ ਮੈਂ ਗਾਜੇ ਦਿਲ ਮੇਂ
ਸ਼ਕਤ ਪਾਈ ਹੈ॥ ੬ ॥ ਬਰਨ ਜੋ ਜਗਤ ਮੈਂ ਚਾਰੇ
ਬਿਨਾਂ ਗੁਰ ਤੋਂ ਵਿਤਕ ਨਿਆਰੇ ਕੱਠੇ ਇਕ ਠੌਰ ਕਰ
ਸਭ ਨੂੰ ਬਨਾਏ ਸਕੇ ਭਾਈ ਹੈ ॥ ੭ ॥ ਬਾਜ਼ ਚਿੜੀਆਂ
ਤੋਂ ਤੁੜਵਾਏ ਰਾਜ ਦੀਨਾ ਨੂੰ ਬਖਸ਼ਾਏ। ਸਾਹਮਣੇ
ਕਰ ਸਵਾ ਲਖ ਕੇ ਏਕ ਦੀਨੇ ਲੜਾਈ ਹੈ ॥ ੮ ॥
ਧਰਮ ਕੀ ਦੇਖ ਅਤ ਹਾਨੀ ਕਰਤ ਹਿੰਦੂਨ ਕੋ ਤੁਰ
ਕਾਨੀ । ਕਰੀ ਸਤਿਗੁਰ ਮੇਹਰਬਾਨੀ ਲੀਏ ਜ਼ੁਲਮੋ
ਛੁਡਾਈ ਹੈ ॥੯॥ ਜੇ ਗੁਰੂ ਗਹ ਖੜਗ ਨਾ ਗਹਿਤੇ ਹਿੰਦ
ਕੇ ਖੋਜ ਨਾ ਰਹਿਤੇ । ਜ਼ੁਲਮ ਕੀ ਨਦੀ ਮੈਂ ਬਹਤੇ
ਲੀਏ ਗੁਰ ਕੰਢੇ ਲਾਈ ਹੈ ॥ ੧੦ ॥ ਮਿਲੇ ਸਭ
ਬੈਠਕੇ ਭਾਈ ਗਾਓ ਉਪਕਾਰ ਸਤਿਗੁਰ ਕੇ। ਹਿੰਦੂਆਂ
ਡੁਬਦਾ ਬੇੜਾ ਜਿਸੇ ਦੀਨਾ ਤੁਰਾਈ ਹੈ ॥ ੧੧ ॥
ਦਸਮ ਗੁਰ ਕਲਗੀਆਂ ਵਾਲੇ ਕੀਆ ਪਰਕਾਸ਼ ਜਗ
ਸਾਰੇ। ਮਿਟਾ ਕੇ ਭਰਮ ਕੇ ਵੰਧੇ ਧਰਮ ਧਾਰਾ ਚਲਾਈ
ਹੈ ॥ ੧੨ ॥ ਪਿਆਰਾ ਪੰਥ ਖਾਲਸ ਜੀ ਸਵਾਰਾ
ਗੁਰੂ ਜੀ ਤੈਨੇ ਹਿ ਅਪਣਾ ਰੂਪ ਕਰ ਧਰਿਆ ਵੱਡੀ ਜਗ
ਮੈਂ ਵਡਿਆਈ ਹੈ ॥ ੧੩ ॥ ਦਸਵੇਂ ਗੁਰ ਜਗਤ ਮੈਂ

ਇਜ਼ਤ ਮਨਾਓ ਪੁਰਬ ਸਤਿਗੁਰ ਦੇ, ਕਰੋ ਉਪਮਾ ਗੁਰੂ ਜੀ ਕੀ ਦੇਓ ਮਿਲ ਮਿਲ ਵਧਾਈ ਹੈ ॥੧੪॥ ਵਿਸਾਰੋ ਕਦੇ ਨਾ ਗੁਰ ਕੋ ਵਸਾਓ ਬੀਚ ਹਿਰਦੇ ਦੇ, ਉਜੜਦੀ ਹਿੰਦਦੀ ਨਗਰੀ ਗੁਰਾਂ ਦੀਨੀ ਵਸਾਈ ਹੈ ॥੧੫॥ ਗੁਰੂ ਜੀ ਅਸਾਂ ਦੀ ਖਾਤਰ ਸਹਾਰੇ ਕਸ਼ਟ ਜੋ ਤਨ ਤੇ, ਛੋੜ ਕੇ ਦੇਸ ਧਾਮਾਂ ਹੈ ਕਰੀ ਪਰਦੇਸਧਾਈ ਹੈ ॥੧੬॥ ਅਸਾਂ ਦੀ ਅੰਸ ਦੀ ਖਾਤਰ ਆਪਣੀ ਅੰਸ ਸਭ ਵਾਰੀ, ਆਪ ਭੀ ਜ਼ਿੰਦਗੀ ਅਪਨੀ ਅਸਾਂ ਖਾਤਰ ਘੁਮਾਈ ਹੈ ॥੧੭॥ ਛੋਡ ਅਕ੍ਰਿਤਘਨਤਾ ਕੋ ਸ਼ੁਕਰ ਸਤਿਗੁਰੂ ਕਾ ਕਰੀਏ, ਦੁਆਰੇ ਗੁਰਾਂ ਦੇ ਪੜੀਏ ਜੋ ਬਖਸ਼ੇ ਸਭ ਖਤਾਈ ਹੈ ॥ ੧੮ ॥ ਸੁੰਦਰ ਸਿੰਘ ਦਾਸ ਸਦ ਕੂਕੇ ਗੁਰੂ ਤੇ ਪੰਥ ਕੇ ਆਗੇ, ਬਖਸ਼ੀਏ ਦਾਨ ਸਿਖੀ ਦਾ ਰਖੋ ਚਰਨੀਂ ਲਗਾਈ ਹੈ ॥੧੯॥ ਗੁਰੂ ਗੋਬਿੰਦ ਸਿੰਘ ਜੀ ਕੇ ਜਨਮ ਕੀ ਜਗ ਵਧਾਈ ਹੈ, ਧਰਮ ਕੋ ਰਾਖਿਆ ਸਤਿਗੁਰ ਫਤੇ ਹਰਿ ਠੌਰ ਪਾਈ ਹੈ ॥ ੨੦ ॥

ਸਵੈਯਾ ॥ ਚੂਕ ਭਈ ਜੇ ਗੁਰੂ ਉਪਮਾ ਮਧ ਬਖਸ਼ਨ ਜੋਗ ਹੈ ਪੰਥ ਅਕਾਲੇ । ਦਾਸ ਸਦਾ ਸ਼ਰਨਾਗਤਿ ਹੈ ਗੁਰ ਪੰਥ ਸਦਾ ਮਮ ਭੂਲ ਸੰਭਾਲੇ । ਤੁਛ ਮਨੀਖਾ ਪਰੀਖਾ ਨਹੀ ਕਛੁ ਲੀਖਾ

ਗੁਰੂ ਜਸਹੈ ਸਮਝਾਲੇ । ਸੁੰਦਰਸਿੰਘ ਗੁੰਥਗੁਰੂ ਵਿਚ
ਸੇਵ ਕਰੈ ਇਕੀ ਤੇਈ ਰਸਾਲੇ ॥ ੪੮॥

ਦੋਹਿਰਾ ॥ ਉਨੀ ਸਉ ਛੇਹਤ੍ਰਾ ਸਿੰਮਤ ਸਘਰ ਮਾਸ।
ਕਲਗੀਧਰ ਆਗਮ ਕਹਿਓ ਮੈਰਠ ਛਉਨੀ
ਵਾਸ ॥ ੪੯ ॥

ਸੋਰਠਾ ॥ ਗੁਰ ਉਪਮਾ ਅਤ ਊਚ ਪਹੁਚ ਸਕੇ ਕੋ
ਕਵੀਕਿਮ॥ ਪੜਿ ਬੁਧ ਹੋਵੈ ਸੂਚ ਗੁਰ ਜਸ ਸਭ ਸੁਖ
ਧਾਮਹੈ ॥ ੫੦ ॥

ਬੈਂਤ॥ ਨੂਰੀ ਚਮਕ ਕਲਗੀਵਾਲੀ ਸਤਿਗੁਰੂਦੀ ਸੁਣ
ਅਨੰਦਸਾਰੇ ਗੁਰੂਭਾਈਹੋਏ। ਹਾਕਮਸਿੰਘਬਾਬੂਮਨਸਾ
ਸਿੰਘਦੂਜੇ ਏਸ ਕੰਮਦੇ ਵਿਚ ਸਹਾਈ ਹੋਏ । ਤੀਜੇ
ਹਾਜਰਾਸਿੰਘਭੀਹੋਏ ਹਾਜਰ ਕੰਹਦੇਪੁਰਖ ਤੇ ਏਹਦੀ
ਛਪਾਈ ਹੋਏ । ਏਹ ਉਪਕਾਰ ਰਸਾਲੇ ਦੇ ਖਾਲਸੇਦਾ
ਚਮਕ ਕਲਗੀ ਦੀ ਸਦਾ ਸੁਵਾਈ ਹੋਏ ॥

—o—

ਕਲਗੀ ਚਮਕ ਦੇ ਪੁਸਤਕ ਮਿਲਨੇ ਦਾ ਪਤਾ—

ਬੈਂਤ—ਜਿਸ ਨੂ ਪ੍ਰੇਮ ਹੋਵੇ ਕਲਗੀ ਚਮਕ ਸੰਦਾ
ਪਤਾ ਮਿਲਨ ਦਾ ਅਸੀਂ ਬਤਾਵਨੇ ਹਾਂ। ਨੰਬਰ
ਇਕੀ ਤੇ ਤੇਈ ਰਸਾਲੇ ਦਾ ਹੈ ਗੁਰਦੁਵਾਰੇ ਦੇ ਵਿਚ
ਰਹਾਵਨੇ ਹਾਂ। ਐਸ ਵੇਲੇ ਤਾਂ ਛਾਵਨੀ ਰਾਵਲ

ਜਿਹੜੀ ਸੰਗਤ ਵਲੋਂ ਮੁਫਤ ਮੰਗਵਾਉਣੀ ਹੋ [illegible]ੜ
ਕਾਰਡ ਤੇ ਨਾਮ ਜੇ ਭੇਜ ਦੇਵੇ ਪੁਸਤਕ ਭੇਜਦੇ ਰਹੀ
ਦੇਵਾਂਗੇ ਜੀ ॥

ਸੱਚੀ ਜੋਤ

ਇਹ ਪੁਸਤਕ ਗੁਰ ਨਾਨਕ ਦੇਵ ਜੀ ਦੇ ਪੁਰਬ ਤੇ ਪ੍ਰਕਾਸ਼ਤ ਕੀਤੀ ਗਈ ਹੈ ਇਹ ਭੀ ਸਾਡੇ ਪਾਸੋਂ ਭੇਜ ਪਤੇ ਤੇ ਮਿਲ ਸਕਦੀ ਹੈ ਸੱਚੀ ਜੋਤ ਸਫੇ ੪੦ ਭੇਟਾ =)॥ ਹੈ
ਕਲਗੀ ਦੀ ਚਮਕ ਭੇਖ =)

ਮੰਗਾਨ ਦਾ ਪਤਾ
ਭਾਈ ਗੁਰਦਾਸਿੰਘ ਜੀ ਰੈਥੀ ਕਸਾਲਾਨੰ੨੧-੨੩
ਛਾਵਨੀ ਰਾਵਲਪਿੰਡੀ

—o—

ਪ੦/83